## ਮੁਨਿਆਦੀ ਰੋਜ਼ਗਾਰ ਮੇਲੇ ਸਤੰਬਰ 2021

# ਜੇ ਉੱਚੇ ਅਹੁਦਿਆਂ ਦੀ ਮੰਜ਼ਿਲ ਲੈਣੀ

# ਸ਼ੁਰੂਆਤ ਕਿਤੋ ਤਾਂ ਕਰਨੀ ਪੈਣੀ

ਸਾਰੇ ਨਗਰ ਨਿਵਾਸੀਆਂ ਨੂੰ ਸੂਚਿਤ ਕੀਤਾ ਜਾਦਾ ਹੈ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਮਾਨਸਾ ਵੱਲੋਂ ਬੇਰੁਜ਼ਗਾਰ ਪ੍ਰਾਰਥੀਆਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਦੇ ਉਪਰਾਲੇ ਤਹਿਤ ਵੱਖ ਵੱਖ ਥਾਵਾਂ ਤੇ ਰੋਜ਼ਗਾਰ ਮੇਲੇ ਲਗਾਏ ਜਾ ਰਹੇ ਹਨ। 17 ਸਤੰਬਰ 2021 ਨੂੰ ਇਨਲਾਈਟਡ ਗਰੁੱਪ ਆਫ਼ ਕਾਲਜ਼ਜ, ਝੁਨੀਰ ਵਿਖੇ ਰੋਜ਼ਗਾਰ ਮੇਲਾ ਲਗਾਇਆ ਜਾ ਰਿਹਾ ਹੈ। ਇਸ ਰੋਜ਼ਗਾਰ ਮੇਲੇ ਵਿੱਚ LIC, Pukhraj Herbal, Capital Trust Ltd, United India Insurance, Satya Micro Finance, ICICI Bank, ਅਤੇ ਕਈ ਹੋਰ ਇੰਡਸਟਰੀਜ਼ ਅਤੇ ਕੰਪਨੀਆਂ ਵੱਲੋ ਯੋਗ ਪ੍ਰਾਰਥੀਆਂ ਨੂੰ ਨੌਕਰੀ ਦੇ ਮੌਕੇ ਦਿੱਤੇ ਜਾਣਗੇ। ਇਨ੍ਹਾਂ ਕੰਪਨੀਆਂ ਲਈ 5ਵੀਂ, 10ਵੀਂ, 12ਵੀਂ ਗ੍ਰੈਜੂਏਸ਼ਨ, MBA, ਕੰਪਿਊਟਰ ਕੋਰਸ ਅਤੇ ਆਈ.ਟੀ.ਆਈ ਕੀਤੇ ਪ੍ਰਾਰਥੀ ਇੰਟਰਵਿਊ ਦੇ ਸਕਦੇ ਹਨ। ਇਸ ਤੋਂ ਇਲਾਵਾ ਜੇਕਰ ਕੋਈ ਵਿਅਕਤੀ ਸਵੈ-ਰੋਜ਼ਗਾਰ ਚਲਾਉਣ ਲਈ ਲੋਨ ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਲੋਨ ਦੇਣ ਵਾਲੀਆਂ ਸੰਸਥਾਵਾਂ ਨਾਲ ਸੰਪਰਕ ਕਰਕੇ ਫਾਰਮ ਭਰ ਸਕਦਾ ਹੈ। ਜੇਕਰ ਕੋਈ ਹੁਨਰ ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਜ਼ਿਲ੍ਹਾ ਹੁਨਰ ਵਿਕਾਸ ਮਿਸ਼ਨ ਦੇ ਜ਼ਿਲ੍ਹਾ ਮੈਨੇਜ਼ਰ ਨਾਲ ਸੰਪਰਕ ਕਰਕੇ ਹੁਨਰ ਵਿਕਾਸ ਲਈ ਆਪਣਾ ਨਾਂ ਦਰਜ ਕਰਵਾ ਸਕਦਾ ਹੈ ਅਤੇ ਮੁਫ਼ਤ ਟ੍ਰੇਨਿੰਗ ਲੈ ਸਕਦਾ ਹੈ। ਸੋ ਇਸ ਸੁਨਿਹਰੀ ਮੌਕੇ ਦਾ ਲਾਭ ਉਠਾਉਣ ਲਈ ਵੱਧ ਤੋਂ ਵੱਧ ਪ੍ਰਾਰਥੀ ਆਪਣੇ ਵਿਦਿਅਕ ਯੋਗਤਾ ਦੇ ਸਰਟੀਫ਼ਿਕੇਟ, ਅਧਾਰ ਕਾਰਡ, ਜਾਤੀ ਸਰਟੀਫਿਕੇਟ, ਪੈਨ ਕਾਰਡ, ਬੈਂਕ ਦੀ ਕਾਪੀ ਆਦਿ ਦੀਆਂ ਫੋਟੋ ਕਾਪੀਆਂ ਅਤੇ ਆਪਣੀਆਂ ਦੋ ਫੋਟੋਆ ਲੈ ਕੇ 17 ਸਤੰਬਰ ਨੂੰ ਇਨਲਾਈਟਡ ਗਰੁੱਪ ਆਫ਼ ਕਾਲਜ਼ਜ, ਝੁਨੀਰ ਵਿਖੇ ਹਾਜ਼ਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਮਾਨਸਾ।

ਪਿੱਠ ਅੰਕਣ ਨੰ:ਜੀ-1/ 2021317655 ਮਿਤੀ ਮਾਨਸਾ: 15/9/21

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਪਾਲਣਾ ਇੰਨ-ਬਿਨ ਯਕੀਨੀ ਬਣਾਈ ਜਾਵੇ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

15/09/2021

ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)
ਮਾਨਸਾ।

Scanned with CamScanner

## ਰੋਜ਼ਗਾਰ ਮੇਲਿਆਂ ਸਬੰਧੀ ਜਾਣਕਾਰੀ ਅਤੇ ਮੁਨਿਆਦੀ External Inbox

Ghar Ghar Rozgar Mansa 10:30 AM (30 minutes ago)
to ADCD, sdmbudhlada, rosarduigarh, Sdm, Civil, Mansa, aetcmansa, dfso.mansa, dfo.mansa, dfomansa63, dfo.mansa63, DFSC, chiefagricultureofficermar

ਮੁਨਿਆਦੀ ਸਬੰਧੀ ਜਾਣਕਾਰੀ ਵੱਧ ਤੋਂ ਵੱਧ ਪ੍ਰਾਰਥੀਆਂ ਨਾਲ ਸਾਂਝੀ ਕੀਤੀ ਜਾਵੇ। ਬੀ.ਡੀ.ਪੀ.ਓ ਦੁਆਰਾ ਇਸ ਸਬੰਧੀ ਪਿੰਡਾਂ ਵਿੱਚ ਅਤੇ ਈ.ਓਜ਼ ਨਗਰ ਕੌਂਸਲ/ਨਗਰ ਪੰਚਾਇਤ ਰਾਹੀਂ ਪੰਚਾਇਤਾਂ ਅਤੇ ਵਾਰਡਾਂ ਵਿੱਚ ਮੁਨਿਆਦੀ ਕਰਵਾਈ ਜਾਵੇ। ਸਮੂਹ ਵਿਭਾਗਾਂ ਵੱਲੋਂ ਇਹ ਜਾਣਕਾਰੀ ਵੱਧ ਤੋਂ ਵੱਧ ਦਫ਼ਤਰ ਆਉਣ ਵਾਲੇ ਪ੍ਰਾਰਥੀਆਂ ਅਤੇ ਹੋਰ ਸਾਧਨਾਂ ਰਾਹੀਂ ਸਾਂਝੀ ਕੀਤੀ ਜਾਵੇ ਤਾਂ ਜੋ ਬੇਰੋਜ਼ਗਾਰ ਪ੍ਰਾਰਥੀ ਇਨ੍ਹਾਂ ਰੋਜ਼ਗਾਰ ਮੇਲਿਆਂ ਦਾ ਲਾਭ ਪ੍ਰਾਪਤ ਕਰ ਸਕਣ।

Scanned with CamScanner